**ਦਫਤਰ ਚੇਅਰਮੈਨ ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ,ਪੰਜਾਬ**
**ਸਰਕਾਰੀ (ਮਾਡਲ)ਸੀਨੀਅਰ ਸੈਕੰਡਰੀ ਸਕੂਲ,(ਮਾਈਕਰੋਸਾਫਟ ਬਿਲਡਿੰਗ) ਫੇਜ-3ਬੀ-1, ਮੁਹਾਲੀ।**
**(ਵੈਬਸਾਈਟ www.educationrecruitmentboard.com)**

## ਪਬਲਿਕ ਨੋਟਿਸ

## ਜਨਤਕ ਨਿਯੁਕਤੀਆਂ

ਡਾਇਰੈਕਟੋਰੇਟ ਸਿੱਖਿਆ ਵਿਭਾਗ (ਐਲੀਮੈਂਟਰੀ ਸਿੱਖਿਆ) ਪੰਜਾਬ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਛੇਵੀਂ ਮੰਜਿਲ, ਨਵੀਂ ਬਿਲਡਿੰਗ ਮੁਹਾਲੀ ਵੱਲੋਂ ਨੇਤਰਹੀਣ/ਅੰਸ਼ਿਕ ਨੇਤਰਹੀਣ ਉਮੀਦਵਾਰਾਂ ਦੀਆਂ ਖਾਲੀ ਰਹਿੰਦੀਆਂ ਬੈਕਲਾਗ ਦੀਆਂ ਈ.ਟੀ.ਟੀ ਅਧਿਆਪਕਾਂ ਦੀਆਂ 162 ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਮਿਤੀ 06-04-2015 ਤੱਕ ਆਨ ਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਸੰਬੰਧੀ ਸ਼ਰਤਾਂ/ਬਾਨਾਂ(Terms and Condition) ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਹਨ।

ਚੇਅਰਮੈਨ ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ
ਸਕੂਲ ਸਿੱਖਿਆ, ਪੰਜਾਬ।

**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ,ਪੰਜਾਬ**
**ਸਰਕਾਰੀ (ਮਾਡਲ)ਸੀਨੀਅਰ ਸੈਕੰਡਰੀ ਸਕੂਲ,(ਮਾਈਕਰੋਸਾਫਟ ਬਿਲਡਿੰਗ) ਫੇਜ-3ਬੀ-1, ਮੁਹਾਲੀ।**
**(ਵੈਬਸਾਈਟ www.educationrecruitmentboard.com**

# ਪਬਲਿਕ ਨੋਟਿਸ

## ਜਨਤਕ ਨਿਯੁਕਤੀਆਂ

ਡਾਇਰੈਕਟੋਰੇਟ ਸਿੱਖਿਆ ਵਿਭਾਗ (ਐਲੀਮੈਂਟਰੀ ਸਿੱਖਿਆ) ਪੰਜਾਬ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਛੇਵੀਂ ਮੰਜਿਲ, ਨਵੀਂ ਬਿਲਡਿੰਗ ਮੁਹਾਲੀ ਵੱਲੋਂ ਨੇਤਰਹੀਣ/ਅੰਸ਼ਿਕ ਨੇਤਰਹੀਣ ਉਮੀਦਵਾਰਾਂ ਦੀਆਂ ਖਾਲੀ ਰਹਿੰਦੀਆਂ ਬੈਕਲਾਗ ਦੀਆਂ ਈ.ਟੀ.ਟੀ ਅਧਿਆਪਕਾਂ ਦੀਆਂ 162 ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਆਨ ਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।

1. ਅਸਾਮੀਆਂ ਦੀ ਗਿਣਤੀ ਅਤੇ ਜਰੂਰੀ ਯੋਗਤਾਵਾਂ:

| ਲੜੀ ਨੰ. | ਜਿਲ੍ਹੇ ਦਾ ਨਾਮ | ਅਸਾਮੀਆਂ ਦੀ ਗਿਣਤੀ |
|---|---|---|
| 1 | ਅੰਮ੍ਰਿਤਸਰ | 12 |
| 2 | ਬਠਿੰਡਾ | 6 |
| 3 | ਫਰੀਦਕੋਟ | 10 |
| 4 | ਫਿਰੋਜਪੁਰ | 19 |
| 5 | ਫਤਹਿਗੜ੍ਹ ਸਾਹਿਬ | 6 |
| 6 | ਗੁਰਦਾਸਪੁਰ | 12 |
| 7 | ਹੁਸ਼ਿਆਰਪੁਰ | 13 |
| 8 | ਜਲੰਧਰ | 22 |
| 9 | ਕਪੂਰਥਲਾ | 9 |
| 10 | ਲੁਧਿਆਣਾ | 5 |

| | | |
|---|---|---|
| 11 | ਮਾਨਸਾ | 6 |
| 12 | ਮੋਗਾ | 2 |
| 13 | ਮੁਕਤਸਰ | 4 |
| 14 | ਸ਼ਹੀਦ ਭਗਤ ਸਿੰਘ ਨਗਰ | 3 |
| 15 | ਪਟਿਆਲਾ | 13 |
| 16 | ਰੋਪੜ | 7 |
| 17 | ਸੰਗਰੂਰ | 13 |
| 18 | ਐਸ.ਏ.ਐਸ ਨਗਰ | 0 |
| 19 | ਤਰਨਤਾਰਨ | 0 |
| ਕੁੱਲ | | 162 |

ਅਸਾਮੀ ਦਾ ਤਨਖਾਹ ਸਕੇਲ: ਰੁਪਏ 5910-20200+3000 ਗਰੇਡ ਪੇਅ

ਅਕਾਦਮਿਕ ਯੋਗਤਾਵਾਂ:

1. ਉਮੀਦਵਾਰ 10+2 ਪਾਸ ਹੋਣਾ ਚਾਹੀਦਾ ਹੈ।
2. ਉਮੀਦਵਾਰ 10ਵੀਂ ਪੱਧਰ ਦਾ ਪੰਜਾਬੀ ਵਿਸ਼ੇ ਦਾ ਪੇਪਰ ਪਾਸ ਹੋਵੇ।
3. ਉਮੀਦਵਾਰ ਵੱਲੋਂ 2 ਸਾਲਾ ਈ.ਟੀ.ਟੀ ਕੋਰਸ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਜਾਂ ਸੰਸਥਾ ਤੋਂ ਪਾਸ ਕੀਤਾ ਹੋਵੇ। ਜਿਸ ਨੂੰ ਸਬੰਧਤ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹੋਵੇ।
4. ਉਮੀਦਵਾਰ ਪੰਜਾਬ ਸਟੇਟ ਟੀਚਰ ਐਲੀਜਿਬਿਲਟੀ ਟੈਸਟ (**PSTET**) ਪਾਸ ਹੋਣਾ ਚਾਹੀਦਾ ਹੈ।

ਸ਼ਰਤਾਂ:-

1. ਉਮੀਦਵਾਰ ਦੀ ਉਮਰ ਸਰਕਾਰ ਵੱਲੋਂ ਸਮੇਂ ਤੇ ਸਮੇਂ ਤੇ ਨਿਰਧਾਰਿਤ ਰੂਲਾਂ/ਹਦਾਇਤਾਂ ਮੁਤਾਬਿਕ ਹੋਣੀ ਚਾਹੀਦੀ ਹੈ।
2. ਉਮੀਦਵਾਰ ਦੀ ਅੰਗਹੀਣਤਾ (ਅੰਸ਼ਿਕ ਨੇਤਰਹੀਣ) ਸਰਕਾਰ ਦੀਆਂ ਹਦਾਇਤਾਂ ਅਨੁਸਾਰ 40% ਤੋਂ ਘੱਟ ਨਾ ਹੋਵੇ ਅਤੇ ਉਮੀਦਵਾਰ ਵੱਲੋਂ ਪੇਸ਼ ਕੀਤਾ ਜਾਣ ਵਾਲਾ ਸਰਟੀਫਿਕੇਟ ਮੈਡੀਕਲ ਬੋਰਡ ਵੱਲੋਂ ਜਾਰੀ ਕੀਤਾ ਗਿਆ ਹੋਵੇ।

3. ਉਮੀਦਵਾਰ ਨੇ ਵਿਗਿਆਪਨ ਦੀ ਮਿਤੀ ਤੋਂ ਪਹਿਲਾਂ ਅੰਤਿਮ ਪ੍ਰੀਖਿਆ ਪਾਸ ਕੀਤੀ ਹੋਵੇ।

4. ਉਮੀਦਵਾਰ ਸਕਰੂਟਨੀ ਵੇਲੇ ਆਪਣੇ ਸਾਰੇ ਵਿੱਦਿਅਕ/ਪ੍ਰੋਫੈਸਨਲ ਯੋਗਤਾ ਅਤੇ ਸ੍ਰੇਣੀ ਨਾਲ ਸਬੰਧਤ ਸਰਟੀਫਿਕੇਟ ਸਮੇਤ ਉਨ੍ਹਾਂ ਦੀਆਂ ਸੈਲਫ ਅਟੈਸਟਿਡ ਕਾਪੀਆਂ ਅਤੇ 2 ਤਸਦੀਕਸੁਦਾ ਫੋਟੋਆਂ ਫਾਈਲ ਵਿੱਚ ਲਗਾ ਕੇ ਲਿਆਉਣਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣਯੋਗ ਨਹੀਂ ਹੋਵੇਗਾ।

5. ਪੁਰਸ ਅਤੇ ਇਸਤਰੀ ਉਮੀਦਵਾਰਾਂ ਲਈ ਸਾਂਝੀ ਮੈਰਿਟ ਬਣਾਈ ਜਾਵੇਗੀ।

6. ਸਕਰੂਟਨੀ ਸਮੇਂ ਜੇਕਰ ਕਿਸੇ ਉਮੀਦਵਾਰ ਵੱਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ ਪੇਸ ਨਹੀਂ ਕੀਤੇ ਜਾਂਦੇ ਤਾਂ ਉਸ ਦਾ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ।

7. ਉਮੀਦਵਾਰਾਂ ਵੱਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਿਤ ਹੋਣ ਤੇ ਉਸਦਾ ਨਾਮ ਮੈਰਿਟ ਵਿੱਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਮੀਦਵਾਰ ਅਤੇ ਦਸਤਾਵੇਜ ਜਾਰੀ ਕਰਨ ਵਿਰੁੱਧ ਮੌਕੇ ਤੇ ਹੀ ਐਫ.ਆਈ.ਆਰ ਦਰਜ ਕਰਵਾ ਦਿੱਤੀ ਜਾਵੇਗੀ ਅਤੇ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

8. ਸਕਰੂਟਨੀ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ.ਅਦਾ ਨਹੀਂ ਕੀਤਾ ਜਾਵੇਗਾ।

9. ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਕਰੂਟਨੀ ਲਈ Latest updates ਆਦਿ ਸਬੰਧੀ ਵੈਬਸਾਈਟ ਤੇ ਰੈਗੂਲਰ ਤੌਰ ਤੇ ਆਪ ਹੀ ਧਿਆਨ ਰੱਖਣਗੇ। ਇਸ ਸਬੰਧੀ ਉਹਨਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ। ਉਮੀਦਵਾਰ ਨੂੰ ਇਹ ਵੀ ਸਲਾਹ ਹੈ ਕਿ ਉਹ ਸਾਰੀਆਂ ਹਦਾਇਤਾਂ ਚੰਗੀ ਤਰ੍ਹਾਂ ਪੜ੍ਹ ਲਵੇ। ਇੱਕ ਵਾਰੀ ਭਰਿਆ ਡਾਟਾ ਬਦਲਣ ਦੀ ਆਗਿਆ ਨਹੀਂ ਹੋਵੇਗੀ।

10. ਸਕਰੂਟਨੀ ਵਿੱਚ ਗੈਰ ਹਾਜਰ ਰਹਿਣ ਵਾਲੇ ਉਮੀਦਵਾਰਾਂ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

ਨੋਟ: ਉਪਰੋਕਤ ਤੋਂ ਇਲਾਵਾ ਉਮੀਦਵਾਰਾਂ ਦੀ ਚੋਣ ਲਈ ਕਰਾਈਟੇਰੀਆ ਵਿਦਿਅਕ ਅਤੇ ਪ੍ਰੋਫੈਸ਼ਨਲ ਯੋਗਤਾ ਵਿਚ ਹਾਸਲ ਕੀਤੇ ਕੁੱਲ ਅੰਕਾਂ ਦਾ 50% ਅੰਕਾਂ ਦੇ ਹਿਸਾਬ ਨਾਲ ਮੈਰਿਟ ਬਣਾਈ ਜਾਵੇਗੀ। ਇਹ ਭਰਤੀ ਪ੍ਰਕਿਰਿਆ ਨਿਰੋਲ ਮੈਰਿਟ ਦੇ ਅਧਾਰ ਤੇ ਕੀਤੀ ਜਾਵੇਗੀ। ਇਸ ਵਿਚ ਇੰਟਰਵਿਊ ਅਤੇ ਤਜਰਬਾ ਸਰਟੀਫਿਕੇਟ ਆਦਿ ਦਾ ਕੋਈ ਵੀ ਅੰਕ ਨਹੀਂ ਦਿੱਤਾ ਜਾਵੇਗਾ।

## ਆਨਲਾਈਨ ਅਪਲਾਈ ਕਰਨ ਦੀ ਵਿਧੀ

1. ਵੈਬਸਾਈਟ www.educationrecruitmentboard.com

2. ਉਮੀਦਵਾਰ ਵਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਆਨਲਾਈਨ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਨੂੰ ਉਸ ਦਾ Password SMS ਰਾਹੀਂ ਰਜਿਸਟ੍ਰੇਸ਼ਨ ਸਮੇਂ ਉਮੀਦਵਾਰ ਵਲੋਂ ਦਿੱਤੇ ਮੋਬਾਇਲ ਨੰਬਰ ਉੱਤੇ ਭੇਜਿਆ ਜਾਵੇਗਾ। ਰਜਿਸਟ੍ਰੇਸ਼ਨ ਦੌਰਾਨ ਭਰੀ ਗਈ ਜਾਣਕਾਰੀ (ਨਾਮ, ਜਨਮ ਮਿਤੀ ਅਤੇ ਮੋਬਾਇਲ ਨੰਬਰ) Edit/Update ਨਹੀਂ ਕੀਤੀ ਜਾ ਸਕਦੀ।

3. ਮੋਬਾਇਲ ਨੰਬਰ ਉੱਤੇ Password ਆਉਣ ਉਪਰੰਤ ਉਮੀਦਵਾਰ ਵਲੋਂ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ Fill Application Form ਉੱਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਭਰੀ ਗਈ ਜਾਣਕਾਰੀ ਦੁਬਾਰਾ Edit/Update ਨਹੀਂ ਕੀਤੀ ਜਾ ਸਕਦੀ।

4. Application Form ਭਰਨ ਉਪਰੰਤ ਇਸ ਦਾ ਪ੍ਰਿੰਟ ਆਊਟ ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਹੋਰ ਕੋਈ ਵੀ ਦਸਤਾਵੇਜ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ ਮੰਗੇ ਜਾਣ ਉੱਤੇ ਹੀ ਇਸ ਦਫਤਰ ਨੂੰ ਭੇਜਿਆ ਜਾਵੇ।

5. ਆਨਲਾਈਨ ਰਜਿਸਟ੍ਰੇਸ਼ਨ ਕਰਨ ਦੀ ਆਖਰੀ ਮਿਤੀ 06-04-2015 (ਸ਼ਾਮ 5:00 ਵਜੇ ਤੱਕ) ਹੈ ਅਤੇ ਰਜਿਸਟ੍ਰੇਸ਼ਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਹੋਵੇਗੀ। Registration ਉਪਰੰਤ ਭਰਿਆ ਜਾਣ ਵਾਲਾ Application Form ਉਮੀਦਵਾਰ ਵਲੋਂ ਮਿਤੀ 10-04-2015 (ਸ਼ਾਮ 5:00 ਵਜੇ ਤੱਕ) ਤੱਕ ਭਰਿਆ ਜਾ ਸਕਦਾ ਹੈ।

ਚੇਅਰਮੈਨ ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ

ਸਕੂਲ ਸਿੱਖਿਆ, ਪੰਜਾਬ।